ਪੰਜਾਬ ਵਿਧਾਨ ਸਭਾ

ਬਿਲ ਨੰ. 09-ਪੀ.ਐਲ.ਏ-2023

# ਪੰਜਾਬ ਖੇਤੀਬਾੜੀ ਉਤਪਾਦ ਮੰਡੀਆਂ (ਤਰਮੀਮ) ਬਿੱਲ, 2023

ਪੰਜਾਬ ਖੇਤੀਬਾੜੀ ਉਦਪਾਦ ਮੰਡੀਆਂ ਐਕਟ, 1961 ਵਿਚ ਹੋਰ ਤਰਮੀਮ ਹਿੱਤ

ਇੱਕ ਬਿੱਲ।

ਇਸ ਨੂੰ ਭਾਰਤੀ ਗਣਰਾਜ ਦੇ ਚਿਹੱਤਰਵੇਂ ਸਾਲ ਵਿਚ ਪੰਜਾਬ ਰਾਜ ਦੀ ਵਿਧਾਨ ਸਭਾ ਦੁਆਰਾ ਹੇਠ ਅਨੁਸਾਰ ਤਿਆਰ ਕੀਤਾ ਗਿਆ ਹੈ:-

*ਸੰਖੇਪ ਸਿਰਲੇਖ ਅਤੇ ਆਰੰਭ*

1.(1) ਇਸ ਐਕਟ ਨੂੰ ਪੰਜਾਬ ਖੇਤੀਬਾੜੀ ਉਤਪਾਦ ਮੰਡੀਆਂ (ਤਰਮੀਮ) ਐਕਟ, 2023 ਕਿਹਾ ਜਾਵੇਗਾ।

(2) ਇਹ ਸਰਕਾਰੀ ਗਜ਼ਟ ਵਿਚ ਇਸ ਦੇ ਪ੍ਰਕਾਸ਼ਤ ਹੋਣ ਦੀ ਮਿਤੀ ਤੋਂ ਲਾਗੂ ਅਤੇ ਪ੍ਰਭਾਵੀ ਹੋਵੇਗਾ।

*1961 ਦੇ ਪੰਜਾਬ ਐਕਟ ਨੰ.23 ਦੀ ਧਾਰਾ 3 ਵਿਚ ਸੋਧ*

2. ਪੰਜਾਬ ਖੇਤੀਬਾੜੀ ਉਤਪਾਦ ਮੰਡੀਆਂ ਐਕਟ, 1961 (ਇਸ ਤੋਂ ਬਾਅਦ ਪ੍ਰਿੰਸੀਪਲ ਐਕਟ ਵਜੋਂ ਜਾਣਿਆ ਜਾਵੇਗਾ) ਵਿਚ, ਧਾਰਾ 3 ਵਿਚ:-

(ਏ) ਉਪ-ਧਾਰਾ (1) ਵਿਚ:-

(i) "ਰਾਜ ਸਰਕਾਰ ਦੁਆਰਾ ਨਾਮਜ਼ਦ ਕੀਤੇ ਜਾਣ ਵਾਲੇ ਚੇਅਰਮੈਨ, ਸੀਨੀਅਰ ਵਾਈਸ-ਚੇਅਰਮੈਨ ਅਤੇ ਵਾਈਸ-ਚੇਅਰਮੈਨ" ਸ਼ਬਦਾਂ ਅਤੇ ਚਿੰਨ੍ਹਾਂ ਦੀ ਥਾਂ "ਰਾਜ ਸਰਕਾਰ ਦੁਆਰਾ ਨਾਮਜ਼ਦ ਕੀਤੇ ਜਾਣ ਵਾਲੇ ਚੇਅਰਮੈਨ" ਸ਼ਬਦ ਵਰਤੇ ਜਾਣਗੇ, ਅਤੇ

(ii) ਇਸ ਉਪਬੰਧ ਵਿਚ, "ਚੇਅਰਮੈਨ, ਸੀਨੀਅਰ ਵਾਈਸ-ਚੇਅਰਮੈਨ ਅਤੇ ਵਾਈਸ-ਚੇਅਰਮੈਨ" ਸ਼ਬਦਾਂ ਅਤੇ ਚਿੰਨ੍ਹਾਂ ਦੀ ਥਾਂ, "ਚੇਅਰਮੈਨ" ਸ਼ਬਦ ਵਰਤਿਆ ਜਾਵੇਗਾ;

(ਬੀ) ਉਪ-ਧਾਰਾ (6) ਵਿਚ, ਮੌਜੂਦਾ ਉਪਬੰਧ ਨੂੰ, ਹੇਠ ਲਿਖੇ ਉਪਬੰਧ ਨਾਲ ਬਦਲਿਆ ਜਾਵੇਗਾ, ਅਰਥਾਤ:-

"ਬਸ਼ਰਤੇ ਕਿ ਬੋਰਡ ਦਾ ਚੇਅਰਮੈਨ ਆਪਣਾ ਅਸਤੀਫਾ ਰਾਜ ਸਰਕਾਰ ਨੂੰ ਦੇਵੇ।";

(ਸੀ) ਉਪ-ਧਾਰਾ (14) ਵਿਚ, ਕਲਾਜ਼ਬੀ ਵਿਚ, "ਚੇਅਰਮੈਨ, ਸੀਨੀਅਰ ਵਾਈਸ-ਚੇਅਰਮੈਨ ਅਤੇ ਵਾਈਸ-ਚੇਅਰਮੈਨ, ਸਕੱਤਰ" ਸ਼ਬਦਾਂ ਅਤੇ ਚਿਨ੍ਹਾਂ ਦੀ ਥਾਂ, "ਚੇਅਰਮੈਨ, ਸਕੱਤਰ" ਸ਼ਬਦ ਅਤੇ ਚਿੰਨ੍ਹ ਵਰਤੇ ਜਾਣਗੇ; ਅਤੇ

(ਡੀ) ਉਪ-ਧਾਰਾ (17) ਵਿਚ,

(ਏ) ਕਲਾਜ਼ (i) ਵਿਚ, "ਚੇਅਰਮੈਨ, ਸੀਨੀਅਰ ਵਾਈਸ-ਚੇਅਰਮੈਨ ਅਤੇ ਵਾਈਸ-ਚੇਅਰਮੈਨ, ਜਾਂ ਸਕੱਤਰ" ਸ਼ਬਦਾਂ ਅਤੇ ਚਿੰਨ੍ਹਾਂ ਦੀ ਥਾਂ "ਚੇਅਰਮੈਨ ਜਾਂ ਸਕੱਤਰ" ਸ਼ਬਦ ਵਰਤੇ ਜਾਣਗੇ; ਅਤੇ

(ਬੀ) ਕਲਾਜ਼ (ii) ਵਿਚ, "ਚੇਅਰਮੈਨ, ਸੀਨੀਅਰ ਵਾਈਸ-ਚੇਅਰਮੈਨ ਅਤੇ ਵਾਈਸ-ਚੇਅਰਮੈਨ, ਸਕੱਤਰ ਜਾਂ ਇਸ ਦੇ ਕੋਈ ਵੀ ਅਧਿਕਾਰੀ" ਸ਼ਬਦਾਂ ਅਤੇ ਚਿੰਨ੍ਹਾਂ ਦੀ ਥਾਂ, "ਚੇਅਰਮੈਨ, ਸਕੱਤਰ, ਜਾਂ ਇਸ ਦੇ ਕੋਈ ਵੀ ਅਧਿਕਾਰੀ" ਸ਼ਬਦ ਅਤੇ ਚਿੰਨ੍ਹ ਵਰਤੇ ਜਾਣਗੇ।

*1961 ਦੇ ਪੰਜਾਬ ਐਕਟ 23 ਦੀ ਧਾਰਾ 43 ਵਿਚ ਸੋਧ*

3. ਪ੍ਰਿੰਸੀਪਲ ਐਕਟ ਦੀ ਧਾਰਾ 43 ਦੀ ਉਪ-ਧਾਰਾ (2) ਵਿਚ, ਕਾਲਜ਼ (xxvi) ਵਿਚ, ਚੇਅਰਮੈਨ, ਸੀਨੀਅਰ ਵਾਈਸ-ਚੇਅਰਮੈਨ, ਵਾਈਸ-ਚੇਅਰਮੈਨ, ਮੈਂਬਰ" ਸ਼ਬਦਾਂ ਅਤੇ ਚਿੰਨ੍ਹਾਂ ਦੀ ਥਾਂ "ਚੇਅਰਮੈਨ, ਮੈਂਬਰ" ਸ਼ਬਦ ਵਰਤੇ ਜਾਣਗੇ।

# ਉਦੇਸ਼ਾਂ ਅਤੇ ਕਾਰਨਾਂ ਦੀ ਸਟੇਟਮੈਂਟ

"ਦੀ ਪੰਜਾਬ ਐਗਰੀਕਲਚਰ ਪ੍ਰੋਡਿਊਸ ਮਾਰਕਿਟਸ ਐਕਟ 1961" ਦੀ ਧਾਰਾ 3(1) ਵਿੱਚ ਵਾਈਸ ਚੇਅਰਮੈਨ ਅਤੇ ਸੀਨੀਅਰ ਵਾਈਸ ਚੇਅਰਮੈਨ ਦੇ ਅਹੁਦਿਆਂ ਦੀ ਰਚਨਾ ਕ੍ਰਮਵਾਰ ਸਾਲ 2010 ਅਤੇ 2016 ਵਿਚ ਕੀਤੀ ਗਈ ਸੀ। ਹਾਲਾਂਕਿ ਇਹਨਾਂ ਨਾਮਜਦ ਵਾਈਸ ਚੇਅਰਮੈਨ ਅਤੇ ਸੀਨੀਅਰ ਵਾਈਸ ਚੇਅਰਮੈਨ ਨੂੰ ਕਿਸੇ ਕਿਸਮ ਦੀਆਂ ਕੋਈ ਪਾਵਰਾਂ ਦੀ ਵੰਡ ਨਹੀਂ ਕੀਤੀ ਜਾਂਦੀ ਅਤੇ ਬੋਰਡ ਨੂੰ ਇਹਨਾਂ ਨਾਮਜਦ ਚੇਅਰਮੈਨਾਂ ਨੂੰ ਤਨਖਾਹਾਂ/ਭੱਤੇ ਦੇਣ ਦੇ ਨਾਲ-ਨਾਲ ਸਟਾਫ ਵੀ ਮੁਹੱਇਆ ਕਰਵਾਉਣਾ ਪੈਂਦਾ ਹੈ। ਇਸ ਲਈ ਪੰਜਾਬ ਮੰਡੀ ਬੋਰਡ ਦੇ ਵਿੱਤੀ ਬੋਝ ਅਤੇ ਪ੍ਰਸ਼ਾਸਕੀ ਬੋਝ ਨੂੰ ਘਟਾਉਣ ਦੇ ਮਕਸਦ ਨਾਲ ਪੰਜਾਬ ਮੰਡੀ ਬੋਰਡ ਵਿੱਚ ਵਾਈਸ ਚੇਅਰਮੈਨ ਅਤੇ ਸੀਨੀਅਰ ਵਾਈਸ ਚੇਅਰਮੈਨ ਦੇ ਅਹੁਦਿਆਂ ਨੂੰ ਖਤਮ ਕਰਨਾ ਯੋਗ ਹੋਵੇਗਾ।

"ਪੰਜਾਬ ਖੇਤੀਬਾੜੀ ਉਤਪਾਦ ਮੰਡੀਆਂ (ਤਰਮੀਮ) ਬਿੱਲ, 2023" ਨੂੰ ਪੇਸ਼ ਕਰਨਾਂ ਉਪਰੋਕਤ ਅਨੁਸਾਰ ਲਾਭਦਾਇਕ ਹੋਵੇਗਾ।

---

ਕੁਲਦੀਪ ਸਿੰਘ ਧਾਲੀਵਾਲ
ਮੰਤਰੀ ਇੰਚਾਰਜ
ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ, ਪੰਜਾਬ

ਚੰਡੀਗੜ੍ਹ
21 ਮਾਰਚ, 2023

ਸੁਰਿੰਦਰ ਪਾਲ,
ਸਕੱਤਰ।

---

ਵਿ.ਨੋ.:- ਉਪਰੋਕਤ ਬਿਲ ਪੰਜਾਬ ਵਿਧਾਨ ਸਭਾ ਦੀ ਕਾਰਜਵਿਧੀ ਅਤੇ ਕਾਰਜ ਸੰਚਾਲਣ ਨਿਯਮਾਵਲੀ ਦੇ ਨਿਯਮ 121 ਦੀ ਸ਼ਰਤੀ-ਧਾਰਾ ਅਧੀਨ ਪੰਜਾਬ ਸਰਕਾਰ ਗਜ਼ਟ (ਆਸਾਧਾਰਨ) ਮਿਤੀ 21 ਮਾਰਚ 2023 ਵਿਚ ਪ੍ਰਕਾਸ਼ਿਤ ਕੀਤਾ ਗਿਆ ।